# ਗੱਲ ਬਾਤ (ਕਮਿਊਨੀਕੇਸ਼ਨਜ਼) ਬਾਰੇ ਬਾਰ ਬਾਰ ਪੁੱਛੇ ਜਾਣ ਵਾਲੇ ਪ੍ਰਸ਼ਨ
# Frequently asked questions about communications

*ਇਹ ਜਾਣਕਾਰੀ ਇੰਗਲੈਂਡ, ਵੇਲਜ਼, ਸਕੌਟਲੈਂਡ ਅਤੇ ਨੌਰਦਰਨ ਆਇਰਲੈਂਡ ਨੂੰ ਲਾਗੂ ਹੁੰਦੀ ਹੈ*

ਮੈਨੂੰ ਸਦਾ ਹੀ ਉਨ੍ਹਾਂ ਲੋਕਾਂ ਦੇ ਫ਼ੋਨ ਆਉਂਦੇ ਰਹਿੰਦੇ ਹਨ, ਜਿਹਨਾਂ ਨੂੰ ਮੈਂ ਜਾਣਦੀ ਨਹੀਂ ਹਾਂ। ਮੈਂ ਇਹ ਕਿਵੇਂ ਬੰਦ ਕਰ ਸਕਦੀ ਹਾਂ? 2

ਮੈਂ ਇਕ ਮੋਬਾਈਲ ਫ਼ੋਨ ਖ਼ਰੀਦਣਾ ਚਾਹੁੰਦਾ/ਚਾਹੁੰਦੀ ਹਾਂ ਪਰ ਬਹੁਤ ਸਾਰੀ ਵੱਖ ਵੱਖ ਜਾਣਕਾਰੀ ਪੜ੍ਹ ਕੇ ਮੈਂ ਉਲਝ ਗਿਆ/ਗਈ ਹਾਂ। ਕੀ ਤੁਸੀਂ ਮੇਰੀ ਮਦਦ ਕਰ ਸਕਦੇ ਹੋ? 3

ਮੈਂ ਛੇਤੀਂ ਹੀ ਯੂਨੀਵਰਸਿਟੀ ਜਾ ਰਿਹਾ/ਰਹੀ ਹਾਂ ਅਤੇ ਮੈਂ ਆਪਣਾ ਟੀ.ਵੀ. ਨਾਲ ਲਿਜਾਣਾ ਚਾਹੁੰਦਾ/ਦੀ ਹਾਂ। ਕੀ ਇਸ ਲਈ ਮੈਨੂੰ ਇਕ ਵੱਖਰਾ ਲਾਈਸੈਂਸ ਲੈਣਾ ਪਵੇਗਾ? 4

ਵਡੇਰੀ ਉਮਰ ਦੇ ਮੇਰੇ ਮਾਤਾ ਜੀ ਕਹਿੰਦੇ ਹਨ ਕਿ ਹੁਣ ਉਹ ਆਪਣਾ ਟੀ.ਵੀ. ਲਾਈਸੈਂਸ ਜਾਂ ਫ਼ੋਨ ਦਾ ਬਿੱਲ ਭਰਨ ਦੀ ਸਮਰੱਥਾ ਨਹੀਂ ਰੱਖਦੇ। ਕੀ ਉਨ੍ਹਾਂ ਨੂੰ ਕੋਈ ਮਦਦ ਮਿਲ ਸਕਦੀ ਹੈ? 5

ਮੈਨੂੰ ਪਤਾ ਲਗਿਆ ਹੈ ਕਿ ਮੈਨੂੰ ਆਪਣੀ ਟੀ ਵੀ ਡਿਜੀਟਲ ਟੀ ਵੀ ਵਿਚ ਬਦਲਣੀ ਪਵੇਗੀ। ਮੈਨੂੰ ਇਹ ਕਦੋਂ ਤੱਕ ਬਦਲਣੀ ਪਵੇਗੀ ਅਤੇ ਇਹ ਮੈਂ ਕਿਸ ਤਰ੍ਹਾਂ ਕਰ ਸਕਦਾ ਹਾਂ?
ਕੀ ਕਿਸੇ ਤਰ੍ਹਾਂ ਦੀ ਮੱਦਦ ਉਪਲਬੱਧ ਹੋਵੇਗੀ? 6

Copyright © 2002-2007 Citizens Advice All rights reserved
Registered charity no: 279057 Company no: 1436945 England

## ਮੈਨੂੰ ਸਦਾ ਹੀ ਉਨ੍ਹਾਂ ਲੋਕਾਂ ਦੇ ਫ਼ੋਨ ਆਉਂਦੇ ਰਹਿੰਦੇ ਹਨ, ਜਿਹਨਾਂ ਨੂੰ ਮੈਂ ਜਾਣਦੀ ਨਹੀਂ ਹਾਂ। ਮੈਂ ਇਹ ਕਿਵੇਂ ਬੰਦ ਕਰ ਸਕਦੀ ਹਾਂ?

ਜੇ ਇਹ ਫ਼ੋਨ ਕੌਲਜ਼ ਉਹਨਾਂ ਲੋਕਾਂ ਵਲੋਂ ਹਨ ਜੋ ਤੁਹਾਨੂੰ ਕੋਈ ਚੀਜ਼ ਵੇਚਣ ਦਾ ਜਤਨ ਕਰਦੇ ਹਨ, ਤਾਂ ਤੁਸੀਂ ਟੈਲੀਫ਼ੋਨ ਪ੍ਰੈਫ਼੍ਰੈਂਸ ਸਰਵਿਸ --Telephone Preference Service ਨਾਲ ਸਾਈਨ ਕਰ ਸਕਦੇ ਹੋ। ਜਿਨ੍ਹਾਂ ਲੋਕਾਂ ਨੇ ਇਸ ਸਰਵਿਸ ਨਾਲ ਸਾਈਨ ਕੀਤੇ ਹੋਣ, ਕਿਸੇ ਵੀ ਕੰਪਣੀ ਨੂੰ ਇਨ੍ਹਾਂ ਲੋਕਾਂ ਨੂੰ ਫ਼ੋਨ ਨਹੀਂ ਕਰਨਾ ਚਾਹੀਦਾ। ਰਜਿਸਟਰ ਕਰਨ ਬਾਰੇ ਵੇਰਵੇ ਲਈ ਟੈਲੀਫ਼ੋਨ ਪ੍ਰੈਫ਼੍ਰੈਂਸ ਸਰਵਿਸ ਨਾਲ 0845 070 0707 ’ਤੇ ਸੰਪਰਕ ਕਰੋ ਜਾਂ ਉਹਨਾਂ ਦੇ ਵੈਬਸਾਈਟ www.tpsonline.org.uk ਤੇ ਜਾਓ।

ਜੇ ਇਹ ਫ਼ੋਨ ਕੌਲਜ਼ ਓਪਰੇ ਲੋਕਾਂ ਵਲੋਂ ਹਨ ਜੋ ਤੁਹਾਨੂੰ ਆਪਣਾ ਨਾਂ ਨਹੀਂ ਦਿੰਦੇ ਅਤੇ ਅਪਮਾਨ ਕਰਨੇ ਵਾਲੀਆਂ ਗੱਲਾਂ ਕਰਦੇ ਹਨ, ਤਾਂ ਪੁਲੀਸ ਨਾਲ ਸੰਪਰਕ ਕਰੋ। ਇਹੋ ਜਿਹੀ ਪਰੇਸ਼ਾਨੀ ਦੇਣਾ ਕਾਨੂੰਨ ਦੇ ਵਿਰੁੱਧ ਹੈ ਅਤੇ ਜੇ ਕੋਈ ਵਿਅਕਤੀ ਇੰਜ ਕਰਦਾ ਫੜਿਆ ਜਾਵੇ, ਤਾਂ ਉਸ ’ਤੇ ਮੁਕੱਦਮਾ ਚਲਾਇਆ ਜਾ ਸਕਦਾ ਹੈ।

**ਇਹੋ ਜਿਹੇ ਪਰੇਸ਼ਾਨ ਕਰਨ ਵਾਲੇ ਕੌਣ ਹਨ ਜੋ ਫ਼ੋਨ ਕਰਦੇ ਹਨ ਉਹਨਾਂ ਨੂੰ ਫੜਨ ਦਾ ਜਤਨ ਕਰਨ ਲਈ ਵੱਖ ਵੱਖ ਕਈ ਤਰ੍ਹਾਂ ਦੇ ਤ੍ਰੀਕੇ ਹਨ।**

Copyright © 2002-2007 Citizens Advice All rights reserved
Registered charity no: 279057 Company no: 1436945 England

## ਮੈਂ ਇਕ ਮੋਬਾਈਲ ਫ਼ੋਨ ਖ਼ਰੀਦਣਾ ਚਾਹੁੰਦਾ/ਚਾਹੁੰਦੀ ਹਾਂ ਪਰ ਬਹੁਤ ਸਾਰੀ ਵੱਖ ਵੱਖ ਜਾਣਕਾਰੀ ਪੜ੍ਹ ਕੇ ਮੈਂ ਉਲਝ ਗਿਆ/ਗਈ ਹਾਂ। ਕੀ ਤੁਸੀਂ ਮੇਰੀ ਮਦਦ ਕਰ ਸਕਦੇ ਹੋ ?

ਤੁਹਾਨੂੰ ਇਹ ਫੈਸਲਾ ਕਰਨਾ ਪਵੇਗਾ ਕਿ ਤੁਹਾਨੂੰ ਫ਼ੋਨ ਕਿਉਂ ਚਾਹੀਦਾ ਹੈ। ਕੀ ਤੁਹਾਨੂੰ ਕੇਵਲ ਆਮ ਫ਼ੋਨ ਸਰਵਿਸ ਚਾਹੀਦੀ ਹੀ ਹੈ, ਜਾਂ ਤੁਹਾਨੂੰ ਇੰਟਰਨੈਂਝ ਦੀ ਰਸਾਈ ਲਈ ਫ਼ੋਨ ਦੀ ਜ਼ਰੂਰਤ ਹੈ। ਕੀ ਤੁਸੀਂ ਫੋਨ ਨੂੰ ਬਹੁਤ ਜ਼ਿਆਦਾ ਵਰਤਣਾ ਚਾਹੋਗੇ, ਜਿਵੇਂ ਕਿ ਕੰਮ ਆਦਿ ਲਈ ਜਾਂ ਕੇਵਲ ਕਦੇ ਤੁਹਾਨੂੰ ਮਦਦ ਲੈਣ ਵੇਲੇ ਲਈ ਹੀ ਚਾਹੀਦਾ ਹੈ ?

ਤੁਸੀਂ ਹਰੇਕ ਮਹੀਨੇ ਪਿੱਛੋਂ ਕਿਰਾਏ ਅਤੇ ਕੀਤੀਆਂ ਕੌਲਾਂ ਦਾ ਮੁਲ ਦੇਣਾ ਚੁਣ ਸਕਦੇ ਹੋ ਜਾਂ ਐਡਵਾਂਸ ਵਿਚ ਵਾਉਚਰ ਖ਼ਰੀਦ ਸਕਦੇ ਹੋ। ਤੁਹਾਨੂੰ ਇਹ ਵੀ ਸੋਚਣਾ ਪਵੇਗਾ ਕਿ ਤੁਸੀਂ ਆਪਣਾ ਫ਼ੋਨ ਕਿੱਥੇ ਵਰਤਣਾ ਚਾਹੰਦੇ ਹੋ, ਕਿਉਂਕਿ ਮੋਬਾਈਲ ਫ਼ੋਨ ਸਿਗਨਲ ਨਾਲ ਕੰਮ ਕਰਦੇ ਹਨ ਜੋ ਵਧੇਰੇ ਪੇਂਡੂ ਖੇਤਰਾਂ ਵਿਚ ਮਾੜੇ ਹੁੰਦੇ ਹਨ।

ਜੇ ਤੁਹਾਨੂੰ ਆਪਣੇ ਮੋਬਾਈਲ ਫ਼ੋਨ ਨਾਲ ਕੋਈ ਸਮੱਸਿਆ ਹੁੰਦੀ ਹੈ, ਤਾਂ ਤੁਹਾਨੂੰ ਪਤਾ ਕਰਨਾ ਚਾਹੀਦਾ ਹੈ ਕਿ ਤੁਹਾਡਾ ਕੌਂਨਟ੍ਰੈਕਟ ਕਿਸ ਨਾਲ ਹੈ। ਇਹ ਇਹਨਾਂ ਨਾਲ ਹੋ ਸਕਦਾ ਹੈ:

- ਨੈਂਝਵਰਕ ਚਲਾਉਣ ਵਾਲਾ
- ਸੇਵਾ ਪਰਦਾਨ ਕਰਨ ਵਾਲਾ

ਸਿੱਧਾ ਜਨਤਾ ਨੂੰ ਵੇਚਣ ਵਾਲਾ ਪਰਚੂਨ ਵਾਲਾ

Copyright © 2002-2007 Citizens Advice All rights reserved
Registered charity no: 279057 Company no: 1436945 England

## ਮੈਂ ਛੇਤੀਂ ਹੀ ਯੂਨੀਵਰਸਿਟੀ ਜਾ ਰਿਹਾ/ਰਹੀ ਹਾਂ ਅਤੇ ਮੈਂ ਆਪਣਾ ਟੀ.ਵੀ. ਨਾਲ ਲਿਜਾਣਾ ਚਾਹੁੰਦਾ/ਦੀ ਹਾਂ। ਕੀ ਇਸ ਲਈ ਮੈਨੂੰ ਇਕ ਵੱਖਰਾ ਲਾਈਸੈਂਸ ਲੈਣਾ ਪਵੇਗਾ ?

ਬਹੁਤੇ ਵਿਦਿਆਰਥੀਆਂ ਨੂੰ ਲਾਈਸੈਂਸ ਲੈਣਾ ਪਵੇਗਾ। ਕੁੱਝ ਇਕ ਵਰਜਨਾਂ (ਛੋਟਾਂ) ਹਨ, ਉਦਾਹਰਣ ਵਜੋਂ ਟੀ.ਵੀ. ਸੈਟ ਟੈਲੀਵੀਯਨ ਪਰੋਗਰਾਮ ਨਹੀਂ ਦਿਖਾਉਂਦਾ, ਤੁਸੀਂ ਇਸ ਨੂੰ ਕੇਵਲ ਕੰਪਿਊਟਰ ਦੇ ਮੌਨੀਟਰ ਵਜੋਂ ਹੀ ਵਰਤਦੇ ਹੋ। ਫਿਰ ਵੀ, ਰਿਹਾਇਸ਼ੀ ਹੌਲਾਂ ਵਿਚ ਰਹਿੰਦੇ ਵਿਦਿਆਰਥੀਆਂ ਨੂੰ ਲਗਭਗ ਸਦਾ ਹੀ ਆਪਣਾ ਟੀ.ਵੀ. ਲਾਇਸੈਂਸ ਲੈਣਾ ਪੈਂਦਾ ਹੈ।

ਜੇ ਤੁਸੀਂ ਹੋਰ ਲੋਕਾਂ ਨਾਲ ਇਕ ਘਰ ਵਿਚ ਇੱਕੋ ਪਰਿਵਾਰ ਵਾਂਙੂੰ ਰਹਿੰਦੇ ਹੋ, ਅਰਥਾਤ ਬਿੱਲ, ਰਸੋਈ ਅਤੇ ਹੋਰ ਸਹੂਲਤਾਂ ਸਾਂਝੀਆਂ ਕਰਦੇ ਹੋ, ਤਾਂ ਕੇਵਲ ਇਕੋ ਲਾਈਸੈਂਸ ਚਾਹੀਦਾ ਹੋਵੇਗਾ। ਜੇ ਤੁਹਾਡਾ ਘਰ ਬੈਡਸਿਟਸ ਵਿਚ ਵੰਡਿਆ ਹੋਇਆ ਹੈ, ਜਿਨ੍ਹਾਂ ਵਿਚ ਆਪੋ ਆਪਣੀਆਂ ਸਹੂਲਤਾਂ ਹੁੰਦੀਆਂ ਹਨ ਤਾਂ ਹਰੇਕ ਇਕਾਈ (ਯੂਨਿਟ) ਨੂੰ ਆਪਣਾ ਆਪਣਾ ਲਾਈਸੈਂਸ ਲੈਣਾ ਪਵੇਗਾ।

Copyright © 2002-2007 Citizens Advice All rights reserved
Registered charity no: 279057 Company no: 1436945 England

## ਵਡੇਰੀ ਉਮਰ ਦੇ ਮੇਰੇ ਮਾਤਾ ਜੀ ਕਹਿੰਦੇ ਹਨ ਕਿ ਹੁਣ ਉਹ ਆਪਣਾ ਟੀ.ਵੀ. ਲਾਇਸੈਂਸ ਜਾਂ ਫ਼ੋਨ ਦਾ ਬਿੱਲ ਭਰਨ ਦੀ ਸਮਰੱਥਾ ਨਹੀਂ ਰੱਖਦੇ। ਕੀ ਉਨ੍ਹਾਂ ਨੂੰ ਕੋਈ ਮਦਦ ਮਿਲ ਸਕਦੀ ਹੈ ?

ਤੁਹਾਡੀ ਮਾਤਾ ਜੀ ਨੂੰ ਆਪਣੇ ਟੀ.ਵੀ. ਲਾਇਸੈਂਸ ਲਈ ਸਾਰਾ ਪੈਸਾ ਇਕੋ ਵਾਰ ਦੇਣ ਦੀ ਲੋੜ ਨਹੀਂ। ਇਹ ਮੁਲ ਥੋੜਾ ਥੋੜਾ ਲੰਮੇ ਸਮੇਂ ਵਿਚ ਦਿੱਤਾ ਜਾ ਸਕਦਾ ਹੈ – ਜਿਵੇਂ ਕਿ, ਮਹੀਨੇ ਵਿਚ ਇੱਕ ਵਾਰ ਜਾਂ ਹਰ ਤਿੰਨ ਮਹੀਨਿਆਂ ਬਾਅਦ ਦੇ ਸਕਦੇ ਹਨ। ਜੇ ਤੁਹਾਡੀ ਮਾਤਾ ਜੀ ਨੂੰ ਬੈਨਿਫ਼ਿਟਸ ਮਿਲਦੇ ਹਨ, ਉਹਨਾਂ ਦੀ ਆਮਦਨੀ ਘੱਟ ਹੈ ਜਾਂ ਉਹਨਾਂ ਦਾ ਆਪਣਾ ਬੈਂਕ ਅਕਾਉਂਟ ਨਹੀਂ ਹੈ ਤਾਂ ਉਹ ਕੈਸ਼ ਈਜ਼ੀ ਐਂਟਰੀ ਸਕੀਮ ਦੇ ਤਹਿਤ ਹਫ਼ਤਾਵਾਰ ਜਾਂ ਪੰਦਰੀ ਦਿਨੀਂ ਭਰਨ ਲਈ ਅਰਜ਼ੀ ਦੇ ਸਕਦੇ ਹਨ।

ਜੇ ਤੁਹਾਡੇ ਮਾਤਾ ਜੀ 75 ਸਾਲ ਜਾਂ ਉਸ ਤੋਂ ਉੱਪਰ ਉਮਰ ਦੇ ਹਨ, ਤਾਂ ਉਹਨਾਂ ਨੂੰ ਮੁੱਫ਼ਤ ਟੀ ਵੀ ਲਾਇਸੈਂਸ ਮਿਲ ਸਕਦਾ ਹੈ। ਵਧੇਰੇ ਜਾਣਕਾਰੀ ਲਈ ਟੀ ਵੀ ਲਾਇਸੈਂਸਿੰਗ ਹੈਲਪਲਾਈਨ ਨੂੰ 0300 790 6071 'ਤੇ ਫ਼ੋਨ ਕਰੋ ਜਾਂ ਉਹਨਾਂ ਦੀ ਵੈੱਲਸ਼ ਹੌਟਲਾਈਨ ਨੂੰ 0300 790 6042 'ਤੇ ਫ਼ੋਨ ਕਰੋ। ਕਈ ਫ਼ੋਨ ਕੰਪਨੀਆਂ ਤੁਹਾਨੂੰ ਸਸਤੇ ਰੇਟਸ ਪੇਸ਼ ਕਰ ਸਕਦੀਆਂ ਹਨ। ਜਿਵੇਂ ਕਿ, ਬੀ ਟੀ ਵਾਲਿਆਂ ਦੀ ਇੱਕ ਇਹੋ ਜਿਹੀ ਸਕੀਮ ਹੈ ਜਿਸ ਨੂੰ ਬੀ ਟੀ ਬੇਸਿਕ ਕਿਹਾ ਜਾਂਦਾ ਹੈ, ਜੋ ਤੁਹਾਨੂੰ ਲਾਈਨ ਦਾ ਕਿਰਾਇਆ ਘੱਟ ਰੇਟ ਤੇ ਦੇ ਸਕਦੇ ਹਨ ਅਤੇ ਉਹਨਾਂ ਲੋਕਾਂ ਨੂੰ ਮੁੱਫ਼ਤ ਕੌਲਜ਼ ਦੀ ਇਜਾਜ਼ਤ ਦੇ ਸਕਦੇ ਹਨ ਜਿਹਨਾਂ ਨੂੰ ਪੈਨਸ਼ਨ ਕ੍ਰੈਡਿੱਟ ਦੇ ਗੈਰੰਟੀ ਕ੍ਰੈਡਿੱਟ ਦਾ ਹਿੱਸਾ ਮਿਲਦਾ ਹੈ।

ਜੇ ਤੁਹਾਡੀ ਮਾਤਾ ਜੀ ਅਸਮਰੱਥ (ਡਿਸਏਬਲਡ) ਹਨ ਤਾਂ ਹੋ ਸਕਦਾ ਹੈ ਉਹਨਾਂ ਨੂੰ ਆਪਣੇ ਫ਼ੋਨ ਬਿੱਲ ਭਰਨ ਵਿਚ ਮਦਦ ਮਿਲ ਸਕਦੀ ਹੋਵੇ। ਉਹਨਾਂ ਦੀ ਲੋਕਲ ਅਥੌਰਿਟੀ ਜਾਂ ਸੋਸ਼ਲ ਸਰਵਿਸਿਸ ਉਹਨਾਂ ਲਈ ਫ਼ੋਨ ਲਗਵਾਉਣ, ਲਾਈਨ ਦੇ ਕਿਰਾਏ ਜਾਂ ਬਿੱਲ ਦੇ ਖਰਚੇ ਭਰਨ ਵਿਚ ਮਦਦ ਕਰ ਸਕਦੀ ਹੋਵੇ।

Copyright © 2002-2007 Citizens Advice All rights reserved
Registered charity no: 279057 Company no: 1436945 England

## ਮੈਨੂੰ ਪਤਾ ਲਗਿਆ ਹੈ ਕਿ ਮੈਨੂੰ ਆਪਣੀ ਆਮ ਟੀ ਵੀ ਨੂੰ ਡਿਜੀਟਲ ਟੀ ਵੀ ਵਿਚ ਬਦਲਣਾ ਪਵੇਗਾ। ਮੈਨੂੰ ਇਹ ਕਦੋਂ ਤੱਕ ਬਦਲਣਾ ਪਵੇਗਾ ਅਤੇ ਇਹ ਮੈਂ ਕਿਸ ਤਰ੍ਹਾਂ ਕਰ ਸਕਦਾ ਹਾਂ ? ਕੀ ਕਿਸੇ ਤਰ੍ਹਾਂ ਦੀ ਮੱਦਦ ਉਪਲਬੱਧ ਹੋਵੇਗੀ ?

ਯੂ ਕੇ ਵਿਚ ਸੰਨ 2012 ਤੱਕ ਸਭ ਟੀ ਵੀ ਸਰਵਿਸਿਜ਼ ਪੂਰੀਆਂ ਡਿਜੀਟਲ ਹੋ ਜਾਣਗੀਆਂ। ਜੇ ਤੁਹਾਡੇ ਪਾਸ ਹਾਲੇ ਤੱਕ ਡਿਜੀਟਲ ਟੀ ਵੀ ਨਹੀਂ ਹੈ ਤਾਂ ਤੁਹਾਨੂੰ ਆਪਣੇ ਟੈਲੀਵਿਯਨ ਦੇ ਸਾਜ਼ੋ ਸਾਮਾਨ ਨੂੰ ਡਿਜੀਟਲ ਵਿਚ ਤਬਦੀਲ ਕਰਨਾ ਪਵੇਗਾ। ਜੇ ਤੁਹਾਡੇ ਪਾਸ 5 ਤੋਂ ਵੱਧ ਚੈਨਲ ਹਨ ਤਾਂ ਤੁਹਾਡੇ ਪਾਸ ਪਹਿਲਾਂ ਹੀ ਡਿਜ਼ੀਟਲ ਟੀ ਵੀ ਮੌਜੂਦ ਹੈ।

ਡਿਜੀਟਲ ਵਿਚ ਇਹ ਤਬਦੀਲੀ ਇੱਕ ਟੀ ਵੀ ਦੇ ਇਲਾਕੇ ਤੋਂ ਬਾਅਦ ਦੂਸਰੇ ਇਲਾਕੇ ਵਿਚ ਵਾਰੀ ਸਿਰ ਹੋਵੇਗੀ। ਇਹ ਤਬਦੀਲੀ ਸਭ ਤੋਂ ਪਹਿਲਾਂ ਕੰਮਬਰੀਆ ਵਿਚ ਵਾਈਟਹੇਵਨ ਸ਼ਹਿਰ ਵਿਚ 17 ਅਕਤੂਬਰ 2007 ਨੂੰ ਕੀਤੀ ਗਈ ਸੀ। ਦੂਸਰੇ ਇਲਾਕਿਆਂ ਵਿਚ ਇਹ ਤਬਦੀਲੀਆਂ ਸੰਨ 2008 ਤੋਂ ਸ਼ੁਰੂ ਹੋਣਗੀਆਂ ਅਤੇ ਸਭ ਤੋਂ ਪਹਿਲਾਂ ਬੌਰਡਰ ਦੇ ਇਲਾਕੇ ਤੋਂ ਸ਼ੁਰੂ ਕੀਤੀ ਜਾਵੇਗੀ।

ਇਹ ਪਤਾ ਕਰਨ ਲਈ ਕਿ ਤੁਹਾਡੇ ਇਲਾਕੇ ਵਿਚ ਇਹ ਤਬਦੀਲੀ ਕਦੋਂ ਕੀਤੀ ਜਾਵੇਗੀ ਤੁਸੀਂ ਡਿਜੀਟਲ ਯੂਕੇ ਦੇ ਇਸ ਵੈਬਸਾਈਟ www.digitaluk.co.uk ਤੋਂ ਪਤਾ ਕਰ ਸਕਦੇ ਹੋ। ਇਸ ਤੋਂ ਪਹਿਲਾਂ ਕਿ ਤੁਹਾਡੇ ਇਲਾਕੇ ਵਿਚ ਸਰਵਿਸਿਜ਼ ਉੱਤੇ ਅਰਸ ਪਵੇ, ਤੁਹਾਨੂੰ ਕਾਫ਼ੀ ਚਿਰ ਪਹਿਲਾਂ ਦੱਸਿਆ ਜਾਵੇਗਾ ਕਿ ਕੀ ਕਰਨਾ ਹੈ ਅਤੇ ਉਸ ਬਾਰੇ ਕਾਫ਼ੀ ਸਲਾਹ ਮਸ਼ਵਰਾ ਵੀ ਦਿੱਤਾ ਜਾਵੇਗਾ। ਤੁਹਾਡਾ ਟੀ ਵੀ ਇਲਾਕਾ ਇਸ ਤੋਂ ਪਹਿਚਾਣਿਆਂ ਜਾਂਦਾ ਹੈ ਕਿ ਤੁਹਾਨੂੰ ਕਿਹੜੇ ਮੌਜੂਦਾ ITV1 ਸਰਵਿਸ / ITV ਇਲਾਕੇ ਦੀ ਨਿਊਜ਼ ਮਿਲਦੀ ਹੈ।
ਡਿਜੀਟਲ ਟੀ ਵੀ ਹਾਸਲ ਕਰਨੇ ਲਈ ਚਾਰ ਚੋਣਾ ਹਨ। ਤੁਸੀਂ:

- ਇੱਕ ਡਿਜੀਟਲ ਬੌਕਸ ਲਿਆ ਕੇ ਆਪਣੀ ਮੌਜੂਦਾ ਟੀ ਵੀ ਵਿਚ ਪਲੱਗ ਕਰ ਸਕਦੇ ਹੋ
- ਡਿਜੀਟਲ ਕੇਬਲ ਲਈ ਪੈਸੇ ਭਰ ਸਕਦੇ ਹੋ
- ਡਿਜੀਟਲ ਸੈਟਾਲਾਈਟ ਲਈ ਪੈਸੇ ਭਰ ਸਕਦੇ ਹੋ
- ਟੈਲੀਫ਼ੋਨ ਲਾਈਨ ਦੇ ਜ਼ਰੀਏ ਉਸ ਸਰਵਿਸ ਲਈ ਪੈਸੇ ਭਰ ਸਕਦੇ ਹੋ ਜੋ ਡਿਜੀਟਲ ਟੀ ਵੀ ਪੇਸ਼ ਕਰਦੇ ਹਨ।

ਅਲੱਗ ਅਲੱਗ ਕਿਸਮਾ ਦੇ ਡਿਜੀਟਲ ਟੈਲੀਵਿਯਨਜ਼ ਦੀ ਉਪਲਬਤਾ ਅਲਹਿਦਾ ਹੋਵੇਗੀ ਜੋ ਜਿਸ ਇਲਾਕੇ ਵਿਚ ਤੁਸੀਂ ਰਹਿੰਦੇ ਹੋ, ਉਸ ਤੇ ਨਿਰਭਰ ਕਰਦਾ ਹੈ। ਡਿਜੀਟਲ ਤਬਦੀਲੀ ਦੇ ਬਾਰੇ ਵਧੇਰੇ ਜਾਨਣੇ ਲਈ ਅਤੇ ਤੁਹਾਡੇ ਇਲਾਕੇ ਵਿਚ ਕਿਹੜੀਆਂ ਚੋਣਾ ਮੌਜੂਦ ਹਨ, ਲਈ

Copyright © 2002-2007 Citizens Advice All rights reserved
Registered charity no: 279057 Company no: 1436945 England

ਡਿਜੀਟਲ ਯੂ ਕੇ ਦੀ ਵੈਬਸਾਈਟ www.digitaluk.co.uk ਤੇ ਜਾਓ। ਤੁਸੀਂ ਇਸ ਨੰਬਰ 0845 6 50 50 50 ਤੇ ਇੱਕ ਕੌਲ ਸੈਂਟਰ ਨੂੰ ਵੀ ਫ਼ੋਨ ਕਰ ਸਕਦੇ ਹੋ।

ਕੁਝ ਲੋਕਾਂ ਲਈ ਇੱਕ ਇਹੋ ਜਿਹੀ ਸਕੀਮ ਉਪਲਬੱਧ ਹੋਵੇਗੀ ਜਿਸਨੂੰ ਡਿਜੀਟਲ ਹੈਲਪ ਸਕੀਮ ਕਿਹਾ ਜਾਂਦਾ ਹੈ, ਜੋ ਉਸ ਵਕਤ ਅਮਲੀ ਤੌਰ ਤੇ ਮੱਦਦ ਕਰ ਸਕੇਗੀ ਜਦੋਂ ਤੁਹਾਡੀ ਟੀ ਵੀ ਨੂੰ ਡਿਜੀਟਲ ਟੀ ਵੀ ਵਿਚ ਤਬਦੀਲ ਕੀਤਾ ਜਾ ਰਿਹਾ ਹੋਵੇਗਾ, ਜਿਸ ਵਿਚ ਸਾਜ਼ੋ ਸਾਮਾਨ ਅਤੇ ਇਹ ਤਬਦੀਲੀ ਕੀਤੀ ਜਾ ਰਹੀ ਹੋਵੇਗੀ ਸਾਮਿਲ ਹੋਵੇਗਾ। ਇਸ ਦੇ ਹੱਕਦਾਰ ਤੁਸੀਂ ਤਾਂ ਹੋ ਸਕਦੇ ਹੋ ਜੇ:

- ਤੁਸੀਂ (ਜਾਂ ਤੁਹਾਡਾ ਸਾਥੀ - ਪਾਰਟਨਰ) 75 ਸਾਲ ਜਾਂ ਉਸ ਤੋਂ ਉੱਪਰ ਉਮਰ ਦਾ ਹੋਵੇ
- ਤੁਸੀਂ (ਜਾਂ ਤੁਹਾਡਾ ਸਾਥੀ - ਪਾਰਟਨਰ) ਨੇਤਰਹੀਣ (ਅੰਨ੍ਹੇ) ਜਾਂ ਘੱਟ ਦਿਖਾਈ ਦੇਣ ਵਾਲੇ ਦੇ ਤੌਰ ਤੇ ਰੈਜਿਸਟਰ ਹੋਏ ਹੋਵੋ
- ਤੁਹਾਨੂੰ (ਜਾਂ ਤੁਹਾਡੇ ਸਾਥੀ - ਪਾਰਟਨਰ) ਨੂੰ ਡਿਸਅਬਿਲੀਟੀ ਲਿਵਿੰਗ ਅਲਾਂਉਂਸ, ਅਟੈਂਡੈਂਸ ਅਲਾਉਂਸ ਜਾਂ ਅਯੋਗਤਾ ਦੇ ਕਾਰਣ ਕੋਈ ਦੂਸਰੀਆਂ ਖਾਸ ਬੈਨਿਫ਼ਿਟਸ ਮਿਲਦੀਆਂ ਹੋਣ
- ਤੁਸੀਂ ਘੱਟ ਤੋਂ ਘੱਟ ਛੇ ਮਹੀਨਿਆਂ ਤੋਂ ਇੱਕ ਕੇਅਰ ਹੋਮ ਵਿਚ ਰਹਿੰਦੇ ਰਹੇ ਹੋ।

ਇਸ ਸਕੀਮ ਦੇ ਤਹਿਤ ਤੁਹਾਨੂੰ ਸ਼ਾਇਦ ਮੱਦਦ ਲਈ 40 ਪੌਂਡ ਦੇਣੇ ਪੈਣ। ਫਿਰ ਭੀ, ਜੇ ਤੁਹਾਨੂੰ ਪੈਂਨਸ਼ਨ ਕ੍ਰੈਡਿੱਟ, ਇੰਨਕਮ ਸਪੋਰਟ ਜਾਂ ਆਮਦਨੀ ਦੇ ਅਧਾਰ ਤੇ ਜੌਬਸੀਕਰਜ਼ ਅਲਾਂਉਂਸ ਮਿਲਦਾ ਹੈ ਤਾਂ ਇਹ ਮੱਦਦ ਮੁਫ਼ਤ ਹੁੰਦੀ ਹੈ। ਡਿਜੀਟਲ ਹੈਲਪ ਸਕੀਮ ਦੇ ਬਾਰੇ ਵਧੇਰੇ ਜਾਣਕਾਰੀ ਲਈ ਇਸ ਪਤੇ ਤੇ ਦੇਖੋ www.helpscheme.co.uk

Copyright © 2002-2007 Citizens Advice All rights reserved
Registered charity no: 279057 Company no: 1436945 England